(Group of Theatre Devotees)

Regd.No.245/2004 PB

RangManch RangNagari (Regd)

B-37/1360, GURU NANAK COLONY -A, ST. NO. 8, P.O.GNE LUDHIANA-141006

94173-96005, 93178-00327, 98032-61672

08 ਅਗਸਤ, 2015

ਡਾ.ਅਨੂਪ ਸਿੰਘ ਜੀ,
ਜਨਰਲ ਸੱਕਤਰ
ਪੰਜਾਬੀ ਸਾਹਿਤ ਅਕਾਦਮੀ
ਪੰਜਾਬੀ ਭਵਨ
ਲੁਧਿਆਣਾ

ਵਿਸ਼ਾ:- ਬਲਰਾਜ ਸਾਹਨੀ ਰੰਗਮੰਚ ਦੀ ਵਰਤੋ ਲਈ

ਸ੍ਰੀ ਮਾਨ ਜੀ,

ਅਸੀਂ ਨਿਮਰਤਾ ਸਹਿਤ ਬੇਨਤੀ ਕੀਤੀ ਸੀ ਕਿ ਸਾਨੂੰ ਬਲਰਾਜ ਸਾਹਨੀ ਰੰਗਮੰਚ 31 ਮਾਰਚ 2015 ਤੱਕ ਦਿੱਤਾ ਜਾਵੇ, ਪਰ ਤੁਸੀਂ ਸਾਨੂੰ ਕਿਹਾ ਕਿ ਨਹੀਂ ਅਸੀਂ ਇਸ ਤਰਾਂ ਨਹੀਂ ਕਰ ਸਕਦੇ, ਪਰ ਜੇ ਤੁਸੀਂ ਹੁਣ ਇਸ ਤਰਾਂ ਨਹੀਂ ਕਰ ਸਕਦੇ ਤਾਂ 27 ਮਾਰਚ 2015 ਨੂੰ ਇਹ ਹਾਲ ਦਸੰਬਰ ਦੇ ਮਹੀਨੇ ਕਿਵੇਂ ਬੁੱਕ ਹੋ ਗਿਆ? ਜਾਂ ਫਿਰ ਤੁਹਾਡੇ ਵੀ ਮੈਂਬਰ ਅੰਦਰ ਖਾਤੇ ਬਾਹਰੇ ਬੰਦਿਆਂ ਦੀ ਮਦਦ ਇਸ ਕਰਦੇ ਹਨ ਕਿ ਮੈਂ ਤਰਲੋਚਨ ਸਿੰਘ ਸਾਹਿਤ ਅਕਾਦਮੀ ਦਾ ਮੈਂਬਰ ਹੋਣ ਦੇ ਨਾਤੇ ਨਾਟਕ ਨੂੰ ਆਰਥਿਕ ਮਦਦ ਲਈ/ ਕਮਰਸ਼ੀਅਲ ਚਲਾ ਰਿਹਾ ਹੋਵੇਂ ਜਾਂ ਮੇਰਾ ਮਕਸਦ ਪੰਜਾਬੀ ਸਾਹਿਤ ਨੂੰ ਮਾਣ ਵਕਸ਼ਣਾ ਕੋਈ ਨਿੰਦਾ ਯੋਗ ਕਾਰਜ ਹੋਵੇ। ਜਦੋਂ ਕਿ ਜਿਸ ਦੀ ਵੀ ਤੁਹਾਡੇ ਦਫਤਰੀ ਮੈਂਬਰ ਮਦਦ ਕਰਨ ਲਈ ਪੰਜਾਬੀ ਸਾਹਿਤ ਦੇ ਨਾਮ ਤੇ ਹਿੰਦੀ ਨਾਟਕ ਕਰਵਾਕੇ ਜਿਆਦਾ ਯੋਗਦਾਨ ਪਾ ਰਹੇ ਨੇ? ਜੇ ਇਹ ਗੱਲ ਹਾਂ ਵਿੱਚ ਦਰਜ ਹੈ ਤਾਂ ਲਿਖਤੀ ਤੌਰ ਤੇ ਪੰਜਾਬੀ ਨਾਟਕ ਨੂੰ ਪੰਜਾਬੀ ਸਾਹਿਤ ਲਈ ਪੰਜਾਬੀ ਨਾਟਕ ਦੀ ਮਨਾਹੀ ਲਿਖ ਦਿੱਤਾ ਜਾਵੇ। ਅਸੀਂ ਕਦੇ ਵੀ ਪੰਜਾਬੀ ਸਾਹਿਤ ਅਕਾਦਮੀ ਨੂੰ ਉਸਦੀ ਸੋਚ ਦੇ ਉਲਟ ਨਹੀਂ ਹੋਣ ਦਿਆਂਗੇ।

ਜਦੋਂ ਇਕ ਜਨਰਲ ਸਕੱਤਰ 04-08-2015 ਨੂੰ ਦੋ ਵਜੇ ਮੋਬਾਇਲ ਤੇ ਗੱਲ ਕਰ ਰਿਹਾ ਹੈ ਤਾਂ ਦਫਤਰ ਉਸਦੇ ਹੱਕ ਵਿੱਚ ਨਹੀਂ ਦੀ ਗੱਲ ਕਿਉਂ ਨਹੀਂ ਕਹੀ ਜਾਂਦੀ? ਜੇ ਜਨਰਲ ਸਕੱਤਰ ਸਾਡੀ ਚਿੱਠੀ ਪ੍ਰਵਾਨ ਕਰ ਲੈਂਦਾ ਹੈ ਕੀ ਉਹ ਦਫਤਰ ਇਤਲਾਹ ਨਹੀਂ ਦੇ ਰਿਹਾ ਜਾਂ ਦਫਤਰੀ

(Group of Theatre Devotees)
RangManch RangNagari (Regd)
Regd.No.245/2004 PB
B-37/1360, GURU NANAK COLONY-A, ST. NO. 8, P.O.GNE LUDHIANA-141006
94173-96005, 93178-00327, 98032-61672

ਸਕੱਤਰ ਵੀ ਆਪਣਾ ਰਾਗ ਆਪ ਹੀ ਅਲਾਪ ਰਹੇ ਨੇ? ਅੱਠ ਅਗਸਤ 2015 ਸਵੇਰੇ 11.15 ਵਜੇ ਉਹਨਾਂ ਨਾਲ ਜਦੋਂ ਮੋਬਾਇਲ ਤੇ ਗੱਲ ਹੋਈ ਤਾਂ ਉਹ ਮੇਰੇ ਗੱਲ ਕਰਨ ਤੋਂ ਪਹਿਲਾਂ ਹੀ ਕਹਿ ਰਹੇ ਨੇ ਕਿ ਤੁਹਾਡੀ ਬੇਨਤੀ ਪ੍ਰਵਾਨ ਕਰ ਲਈ ਤੇ ਜਦੋਂ ਉਹਨਾਂ ਨੂੰ ਇਹ ਗੱਲ ਕਹੀ ਜਾ ਰਹੀ ਐ ਕਿ ਸਾਨੂੰ ਰਿਹਰਸਲ ਦੀ ਸਮੱਸਿਆ ਹੈ ਤਾਂ ਉਸ ਗੱਲ ਦਾ ਨਿਪਟਾਰਾ ਨਾ ਕਰਦਿਆਂ ਸਾਨੂੰ ਇਹ ਹਿਦਾਇਤ ਮਿਲ ਰਹੀ ਐ ਕਿ ਤੁਸੀਂ ਐਤਵਾਰ ਮਤਲਬ 09 ਅਗਸਤ 2015 ਸਵੇਰੇ ਆਓ ਤੇ ਅਸੀਂ ਨਿਪਟਾਰਾ ਕਰ ਦਿਆਂਗੇ। ਜਦੋਂ ਕਿ ਪੰਜਾਬੀ ਸਾਹਿਤ ਅਕਾਦਮੀ ਰੂਲ ਤੇ ਚੱਲਣ ਦੀ ਗੱਲ ਕਰਦੀ ਹੈ ਤੇ ਜਦੋਂ ਲੁਧਿਆਣਾ ਕਲਾ ਮੰਚ ਬਿਨਾਂ ਦੱਸੇ ਸਾਹਿਤ ਅਕਾਦਮੀ ਨੂੰ ਬਿਨਾਂ ਅਰਜੀ ਦਿੱਤੇ ਨਾਟਕ ਦੀ ਰਿਹਰਸਲ ਕਰ ਰਹੀ ਹੈ ਤਾਂ ਉਦੋਂ ਰੂਲ ਪੰਜਾਬੀ ਸਾਹਿਤ ਅਕਾਦਮੀ ਦੀ ਕਮੇਟੀ ਪੰਜਾਬੀ ਸਾਹਿਤ ਅਕਾਦਮੀ ਦੇ ਵਿਹੜੇ 'ਚ ਲੱਗੇ ਪਿੱਪਲ ਤੇ ਟੰਗ ਦਿੰਦੀ ਐ? ਉਦੋਂ ਰੂਲ਼ ਕਿਥੇ ਜਾਂਦੇ ਨੇ ਤੁਹਾਡੇ? ਜਾਂ 'ਡਾਢੇ ਦਾ ਸੱਤੀ ਵੀਹੀਂ ਸੌ' ਵਾਲੀ ਗੱਲ ਕਰ ਰਹੇ ਓਂ?

ਤੁਹਾਡੇ ਵੱਲੋਂ ਲਾਏ ਇਲਜ਼ਾਮ ਜੋ ਜਨਰਲ ਸਕੱਤਰ ਨੇ ਕਿਹਾ ਸੀ ਕਿ ਸਾਡੀਆਂ ਸੱਤਰ ਲਾਈਟਾਂ ਲੈ ਗਏ, ਪਰ ਹਾਲੇ ਤੱਕ ਖਰੀਦੀਆਂ ਸੱਤਰ ਲਾਈਟਾਂ ਦਾ ਬਿੱਲ ਨਹੀਂ ਦਿਖਾ ਸਕੇ! ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਨੂੰ 23 ਜੁਲਾਈ 2015 ਨੂੰ ਮੋਬਾਇਲ ਤੇ ਇਹ ਜਾਣਕਾਰੀ ਦਿੱਤੀ ਕਿ ਕੰਟੀਨ ਖਾਲੀ ਕਰਵਾਉਣ ਦੇ ਆਰਡਰ ਆ ਚੁੱਕੇ ਹਨ ਤਾਂ ਉਹਨਾਂ ਕਿਹਾ ਕਿ ਸਾਡਾ ਸਹਿਯੋਗ ਦਿਓ, ਅਸੀਂ ਆਪਣੇ ਵੱਲੋਂ ਕੋਸ਼ਿਸ਼ ਕੀਤੀ ਸ.ਸੁਰਿੰਦਰ ਸਿੰਘ ਕੈਲੇ ਨੂੰ ਮੋਬਾਇਲ ਕਰਕ ਮਿਲਣ ਦੀ ਕੋਸ਼ਿਸ਼ ਕੀਤੀ ਪਰ ਦੂਸਰੇ ਦਿਨ ਇਹ ਆਪ ਮਿਲ ਗਏ ਤਾਂ ਸ.ਸੁਰਿੰਦਰ ਕੈਲੇ ਜੀ ਨੇ ਕਿਹਾ ਕਿ ਸਾਨੂੰ ਆਰਡਰ ਮਿਲ ਗਏ ਹਨ ਤੇ ਮੈਂ ਪੁਲਿਸ ਚੌਕੀ ਮਿਲਕੇ ਆਇਆ ਹਾਂ। ਤੇ ਇਸ ਗੱਲ ਨੂੰ ਵੀ ਕੀ ਕਈ ਸਾਲ ਲੰਘਣਗੇ ਜਾਂ ਫਿਰ ਅਸੀਂ ਇਤਲਾਹ ਤੋਂ ਇਲਾਵਾ ਹੋਰ ਕੀ ਸਹਿਯੋਗ ਕਰੀਏ? ਜੇ ਐਨੇ ਦਿਨਾਂ ਤੋਂ ਪੰਜਾਬੀ ਸਾਹਿਤ ਅਕਾਦਮੀ ਨਹੀਂ ਕੁਝ ਕਰ ਰਹੀ, ਫਿਰ ਅਸੀਂ ਹੋਰ ਕੀ ਸਹਿਯੋਗ ਦੇ ਸਕਦੇ ਹਾਂ!

ਪੰਜਾਬੀ ਸਾਹਿਤ ਅਕਾਦਮੀ ਦਾ ਇਹ ਵਿਹਾਰ ਸਮਝ ਨਹੀਂ ਆ ਰਿਹਾ ਕਿ ਜਦੋਂ ਸਾਨੂੰ ਬੁੱਧ ਸਿੰਘ ਨੀਲੋਂ ਵੱਲੋਂ ਸਾਡੇ ਬੱਚਿਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹੈ ਤੇ ਉਸਦੀ ਜਾਣਕਾਰੀ ਅਤੇ ਵੀਡੀਓ ਡ.ਸੁਖਦੇਵ ਸਿੰਘ, ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਨੂੰ ਭੇਜ ਰਹੇ ਹਾਂ ਤੇ ਫਿਰ ਪੰਜਾਬੀ ਸਾਹਿਤ ਅਕਾਦਮੀ ਨੂੰ ਅਸੀਂ ਲਿਖਤੀ 31 ਮਾਰਚ 2016 ਤੱਕ ਰਿਹਰਸਲ ਕਰਨ ਦੀ ਆਗਿਆ ਲੈਂਦੇ ਹਾਂ ਤਾਂ ਪੰਜਾਬੀ ਸਾਹਿਤ ਅਕਾਦਮੀ ਕਹਿੰਦੀ ਹੈ ਕਿ ਅਸੀਂ ਐਨੀ ਲੰਮੀ ਆਗਿਆ ਨਹੀਂ ਦੇ ਸਕਦੇ। ਜੇ ਰਿਹਰਸਲ ਹਫਤਾ ਦਸ ਦਿਨ ਬਿਨਾ ਦੱਸੇ ਕਰਦੇ ਹਾਂ ਤਾਂ

(Group of Theatre Devotees)
Regd.No.245/2004 PB
RangManch RangNagari (Regd)
B-37/1360, GURU NANAK COLONY-A, ST. NO. 8, P.O.GNE LUDHIANA-141006
94173-96005, 93178-00327, 98032-61672

ਪੰਜਾਬੀ ਸਾਹਿਤ ਅਕਾਦਮੀ ਦਾ ਇਹ ਨਹੀਂ ਪਤਾ ਕਿ ਜਿਸ ਬੁੱਧ ਸਿੰਘ ਨੀਲੋਂ ਕੋਲੋਂ ਇਹਨਾਂ ਕਮਰੇ ਖਾਲੀ ਕਰਵਾਉਣੇ ਹਨ ਉਹੀ ਵਿਅਕਤੀ ਸਾਨੂੰ ਪੰਜਾਬੀ ਭਵਨ ਖਾਲੀ ਕਰਨ ਨੂੰ ਕਹਿ ਰਿਹਾ ਹੈ। ਜਦੋਂ ਕਿ ਪੰਜਾਬੀ ਸਾਹਿਤ ਅਕਾਦਮੀ ਨੇ ਸ਼ਰਾਬ ਪੀਣ ਦੇ ਮਾਮਲੇ 'ਚ ਬਰਖਾਸਤ ਕੀਤਾ ਤੇ ਫਿਰ ਆਪਣੇ ਆਪ ਹੀ ਉਸਨੂੰ ਬਹਾਲ ਕਿਵੇਂ ਕਰ ਦਿੰਦੀ ਹੈ ਜਦੋਂ ਕਿ ਜਿਹੜੀ ਵੀਡੀਓ ਸ.ਸੁਖਦੇਵ ਸਿੰਘ ਜੀ ਨੂੰ ਭੇਜੀ ਸੀ ਕੀ ਉਸ ਵਿੱਚ ਇਸਨੇ ਸ਼ਾਰਾਬ ਨਹੀਂ ਪੀਤੀ ਹੋਈ ਸੀ? ਜੇ ਯਕੀਨ ਨਹੀਂ ਉਹੀ ਵੀਡੀਓ ਦੁਬਾਰ ਤੁਹਾਨੂੰ ਪੇਸ਼ ਕੀਤੀ ਜਾਂ ਸਕਦੀ ਹੈ।

ਪਤਾ ਨਹੀਂ ਕਿਹੜੀ ਕਮਜ਼ੋਰੀ ਹੈ ਜਾਂ ਮਿਲੀ ਭੁਗਤ ਹੈ ਕਿ ਕੰਨਟੀਨ ਖਾਲੀ ਨਹੀਂ ਹੋ ਰਹੀ? ਪਤਾ ਨਹੀਂ ਕਿਹੜਾ ਲਾਭ ਹੈ ਜੋ ਬੁੱਧ ਸਿੰਘ ਨੀਲੋਂ ਤੋਂ ਗਰਨਿ ਰੂਮ ਖਾਲੀ ਨਹੀਂ ਕਰਵਾ ਰਿਹਾ। ਲਗਦੇ ਇਲਜ਼ਾਮ ਸੱਤਰ ਲਾਈਟਾਂ ਚੁੱਕਕੇ ਲਿਜਾਣ ਦਾ ਸਾਡੇ ਉਪਰ ਹੈ ਉਹ ਲਾਈਟਾਂ ਦਾ ਬਿੱਲ ਦਿਖਾਇਆ ਜਾਵੇ ਤੇ ਉਸਦੀ ਦੇਖ ਰੇਖ ਕਿਸ ਕੋਲ ਅਤੇ ਕਦੋਂ ਸੀ ਦਾ ਵੇਰਵਾ ਵੀ ਦਿੱਤਾ ਜਾਵੇ। ਇਸਦਾ ਲਿਖਤੀ ਜੁਆਬ ਦਿੱਤਾ ਜਾਵੇ।

ਪਹਿਲੀਆਂ ਚਿੱਠੀਆਂ 'ਚ ਕਈ ਵਾਰ ਇਹ ਲਿਖਤੀ ਦਿੱਤਾ ਕਿ ਜਦੋਂ ਦੁਕਾਨਾਂ ਬਣਦੀਆਂ ਸਨ ਉਦੋਂ ਸੌ ਬੋਰੀਆਂ ਸੀਮੈਂਟ ਜਿਹੜਾ ਕਿ ਮੀਂਹ ਦੇ ਪਾਣੀ ਵਿੱਚ ਖਰਾਬ ਹੋ ਗਿਆ ਸੀ, ਹਾਲੇ ਤੱਕ ਉਸਦਾ ਕੋਈ ਜੁਆਬ ਨਹੀਂ ਆਇਆ, ਜਿਹੜਾ ਕਿ ਪੰਜਾਬੀ ਸਾਹਿਤ ਦਾ ਖਾਤ ਖੂਹ ਖਾਤੇ ਵਿੱਚ ਗਿਆ ਜਾਪਦਾ ਹੈ, ਕੀ ਅਸੀਂ ਆਪਣਾ ਸਾਮਾਨ ਜਿਹੜਾ ਕਿ ਪੰਜਾਬੀ ਸਾਹਿਤ ਦੀ ਵਿਧਾ ਨਾਟਕ ਲਈ ਹੀ ਇਕੱਠਾ ਕੀਤਾ ਹੈ ਦੀ ਸਾਭ ਸੰਭਾਲ ਵਾਸਤੇ ਜੇ ਅਸੀਂ ਗਰੀਨ ਰੂਮ ਜਾਂ ਭਵਨ ਦਾ ਕੁਝ ਹਿੱਸਾ ਵਰਤਦੇ ਹਾਂ ਤਾਂ ਸ਼ਾਇਦ ਤੁਹਾਡੀ ਨਜ਼ਰ 'ਚ ਸਾਡੀ ਮਨਸ਼ਾ ਗਲਤ ਹੋਵੇ, ਪਰ ਜੇ ਤੁਹਾਡੇ ਹੀ ਮੈਂਬਰਾਂ ਵੱਲੋਂ ਅਣਗਹਿਲੀ ਕੀਤੀ ਜਾਵੇ ਤਾਂ ਉਹਦਾ ਭਾਰ ਪੰਜਾਬੀ ਸਾਹਿਤ ਅਕਾਦਮੀ ਝੱਲੇ। ਕੀ ਇਹਨਾਂ ਗੱਲਾਂ ਦੇ ਜੁਆਬ ਤੁਸੀਂ ਦੇਣਾ ਨਹੀਂ ਚਹੁੰਦੇ ਜਾਂ ਅਸੀਂ ਸਾਹਿਤ ਅਕਾਦਮੀ ਦੇ ਮੈਂਬਰ ਹੋਣ ਦੇ ਨਾਤੇ ਨਹੀਂ ਹੀ ਪੁੱਛ ਸਕਦੇ? ਇਹ ਵੀ ਲਿਖਤੀ ਬਿਆਨ ਕੀਤਾ ਜਾਵੇ।

ਤਰਲੋਚਨ ਸਿੰਘ